a2zpapers.com

Roll No. ..................

**004/B**

Total No. of Questions : 7]

[Total No. of Printed Pages : 3

**SS**

**2039**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI (Elective)**

**(Evening Session)**

Time allowed : Three hours

Maximum marks : 90

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **004/B** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

1. ਪੁੱਛੇ ਗਏ ਵਸਤੂਨਿਸ਼ਠ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਸ਼ਾਹ ਮੁਹੰਮਦ ਤੀਸਰੀ ਜਾਤ ਕਿਸ ਨੂੰ ਕਹਿੰਦਾ ਹੈ ? 1

(ਅ) 'ਸਭ ਦਾ ਪਿਆਰਾ-ਸਿੰਬਾ' ਸ੍ਵੈਜੀਵਨੀ-ਅੰਸ਼ ਦਾ ਲੇਖਕ ਕੌਣ ਹੈ ? 1

(ੲ) ਦਾਰਾ ਸਿੰਘ ਨੇ ਸਭ ਤੋਂ ਪਹਿਲਾਂ ਕਿਹੜੀ ਫ਼ਿਲਮ ਵਿੱਚ ਕੁਸ਼ਤੀ ਲੜੀ ਸੀ ? 1

(ਸ) ਦੋਹਿਰਾ ਛੰਦ ਦੀਆਂ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ ? 1

(ਹ) 8+8+8+8 ਜਾਂ 7=32 ਜਾਂ 31 ਤੁਕਾਂ ਵਾਲਾ ਛੰਦ ਕਿਹੜਾ ਹੁੰਦਾ ਹੈ ? 1

(ਕ) ਉਪਮਾ ਅੰਲਕਾਰ ਦੇ ਕਿੰਨੇ ਤੱਤ ਮੰਨੇ ਜਾਂਦੇ ਹਨ ? 1

(ਖ) ਸ਼ਿੰਗਾਰ ਰਸ ਦਾ ਸਥਾਈ ਭਾਵ ਕਿਹੜਾ ਹੈ ? 1

(ਗ) ਗੁਰੂ ਅਮਰਦਾਸ ਜੀ ਦੀ ਕਿਸੇ ਇੱਕ ਕਵਿਤਾ ਦਾ ਨਾਂ ਲਿਖੋ । 1

(ਘ) 'ਮਾਟੀ ਕੁਦਮ ਕਰੇਂਦੀ ਯਾਰ' ਕਾਫ਼ੀ ਦਾ ਲੇਖਕ ਕੌਣ ਹੈ ? 1

(ਙ) ਪੀਲੂ ਦੀ ਕਿਸੇ ਇੱਕ ਰਚਨਾ ਦਾ ਨਾਂ ਲਿਖੋ । 1

10×1=10

2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ 8



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(ਅ) ਜੀਮ - ਕਦੋਂ ਸੁਣੀ ਰਾਜੇ ਗੱਲ ਉਹਦੀ, ਉਸੇ ਵਕਤ ਮੈਨੂੰ ਸਦਵਾਇ ਕੇ ਜੀ ।
ਕਹਿਰਵਾਨ ਹੋਏ ਬਾਪ ਦੇ ਨੈਨ ਖ਼ੂਨੀ, ਧਪਾ ਮਾਰਿਆ ਪਾਸ ਬਠਲਾਇ ਕੇ ਜੀ ।
ਉਸੇ ਵਖਤ ਜਲਾਦਾਂ ਨੂੰ ਆਖਿਆ ਸੂ, ਖੂਹੇ ਵਿੱਚ ਪਾਓ ਇਹਨੂੰ ਜਾਇ ਕੇ ਜੀ ।
ਕਾਦਰਯਾਰ ਮੀਆਂ ਏਸ ਖੂਹੇ ਅੰਦਰ, ਕਰ ਗਏ ਦਾਖ਼ਲ ਮੈਨੂੰ ਆਇ ਕੇ ਜੀ । 8

(ੲ) ਦੁਹਾਂ ਕੰਧਾਰਾਂ ਮੁਹਿ ਜੁੜੇ, ਨਾਲ਼ ਧਉਂਸਾ ਭਾਰੀ ।
ਕੜਕ ਉੱਠਿਆ ਫਉਜ ਤੇ, ਵੱਡਾ ਅਹੰਕਾਰੀ ।
ਲੈ ਕੇ ਚੱਲਿਆ ਸੂਰਮੇ, ਨਾਲਿ ਵੱਡੇ ਹਜ਼ਾਰੀ ।
ਮਿਆਨੋਂ ਖੰਡਾ ਧੂਹਿਆ, ਮਹਿਖਾਸੁਰ ਭਾਰੀ । 8

(ਸ) ਦਾਲ - ਦਿਲ ਕਾਲੇ ਕਨੋਂ ਮੂੰਹ ਕਾਲਾ ਚੰਗਾ ਜੇ ਕੋ ਇਸਨੂੰ ਜਾਣੇ ਹੂ ।
ਮੂੰਹ ਕਾਲਾ ਦਿਲ ਅੱਛਾ ਹੋਵੇ ਇਹ ਦਿਲ ਯਾਰ ਪਛਾਣੇ ਹੂ ।
ਇਹ ਦਿਲ ਦੋਸਤ ਦੇ ਪਿੱਛੇ ਹੋਵੇ ਦੋਸਤ ਮਤਾ ਸਿੰਞਾਣੇ ਹੂ ।
ਸੈ ਆਲਮ ਛੋੜ ਮਸੀਤਾਂ ਨੱਠੇ ਬਾਹੂ ਜਦ ਲੱਗੇ ਨੇ ਦਿਲ ਟਿਕਾਣੇ ਹੂ । 8

8+8=16

3. ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਹਉਮੈਂ ਮਾਇਆ ਮੋਹ ਖੁਆਇਆ (ਗੁਰੂ ਅੰਗਦ ਦੇਵ ਜੀ) 5

(ਅ) ਬਾਲ ਨਾਥ ਵੱਲੋਂ ਰਾਂਝੇ ਨੂੰ ਨਸੀਹਤ (ਵਾਰਿਸ ਸ਼ਾਹ) 5

(ੲ) ਉਲਟੇ ਹੋਰ ਜ਼ਮਾਨੇ ਆਏ (ਬੁਲ੍ਹੇ ਸ਼ਾਹ) 5

1×5=5

4. ਪੰਜਾਬੀ ਬੀਰ-ਕਾਵਿ ਦੇ ਨਿਕਾਸ ਤੇ ਵਿਕਾਸ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ । 15

ਜਾਂ

ਹਾਸ਼ਮ ਸ਼ਾਹ ਦੇ ਜੀਵਨ ਅਤੇ ਕਵਿਤਾ ਬਾਰੇ ਜਾਣਕਾਰੀ ਦਿਓ । 15

5. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਬਲਵੰਤ ਗਾਰਗੀ ਆਪਣੇ ਬੇਟੇ ਮਨੂੰ ਨੂੰ 'ਗਿਠਮੁਠੀਆ ਬਲਵੰਤ' ਕਿਉਂ ਕਹਿੰਦਾ ਹੈ ? 4

(ਅ) ਲੇਖਿਕਾ (ਪ੍ਰਭਜੋਤ) ਨੂੰ ਮੋਤੀਆ ਨਾਂ ਕਿਉਂ ਪਸੰਦ ਨਹੀਂ ਸੀ ? ਉਸ ਦੇ ਨਾਮਕਰਨ ਦੀ ਘਟਨਾ ਬਾਰੇ ਲਿਖੋ । 4

(ੲ) ਲੋਕ-ਸਾਹਿਤ ਇੱਕਤਰ ਕਰਨ ਲਈ ਲੇਖਕ ਨੂੰ ਕਿਸ ਤਰ੍ਹਾਂ ਦੇ ਯਤਨ ਕਰਨੇ ਪਏ ? 'ਆਪਣੀ ਸੋਚ ਦੇ ਗਹਿਰੇ ਸਾਏ' ਪਾਠ ਦੇ ਆਧਾਰ 'ਤੇ ਉੱਤਰ ਲਿਖੋ । 4

(ਸ) ਲੇਖਕ (ਦਾਰਾ ਸਿੰਘ) ਨੂੰ ਫ਼ਿਲਮਾਂ ਵਿੱਚ ਪੂਰਨ ਤੌਰ 'ਤੇ ਕੰਮ ਕਰਨ ਦਾ ਮੌਕਾ ਕਦੋਂ ਮਿਲਿਆ ਤੇ ਉਸ ਨੇ ਫ਼ਿਲਮਾਂ ਵਿੱਚ ਕੰਮ ਕਰਨ ਦਾ ਫ਼ੈਸਲਾ ਕਿਉਂ ਲਿਆ ? 4

(ਹ) "ਬਚਪਨ ਵਿੱਚ ਹੀ ਲੇਖਕ (ਸ.ਸ. ਜੌਹਲ) ਦੀ ਸ਼ਖ਼ਸੀਅਤ ਉੱਤੇ ਮਿਹਨਤ ਦਾ ਰੰਗ ਚੜ੍ਹ ਗਿਆ ਸੀ ।" ਕੀ ਤੁਸੀਂ ਇਸ ਕਥਨ ਨਾਲ਼ ਸਹਿਮਤ ਹੋ ? 4



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(ਕ) ਪ੍ਰਿੰ. ਤੇਜਾ ਸਿੰਘ ਨੇ ਆਪਣੇ ਬਚਪਨ ਦੀ ਜ਼ਿੰਦਗੀ ਬਾਰੇ ਲਿਖਿਆ ਹੈ ਕਿ "ਮੈਂ ਜ਼ਿੰਦਗੀ ਨਾਲ਼ ਰਾਜ਼ੀ ਨਹੀਂ ਸਾਂ।' ਦੱਸੋ ਇਹ ਜ਼ਿੰਦਗੀ ਕਿਸ ਤਰ੍ਹਾਂ ਦੀ ਸੀ ? 4

(ਖ) ਲੇਖਕ (ਗੁਰਬਖ਼ਸ਼ ਸਿੰਘ ਪ੍ਰੀਤਲੜੀ) ਦੀ ਸ਼ਖ਼ਸੀਅਤ ਵਿੱਚ ਉਹ ਕਿਹੜੇ ਗੁਣ ਹਨ, ਜਿਨ੍ਹਾਂ ਸਦਕਾ ਉਹ ਹਰ ਨਵੀਂ ਥਾਂ ਚੰਗੇ ਮਨੁੱਖੀ ਸੰਬੰਧ ਬਣਾ ਲੈਂਦਾ ਹੈ ? 4

(ਗ) ਲੇਖਕ ਡਾ. ਰੰਧਾਵਾ, ਦਿੱਲੀ ਦਾ ਡਿਪਟੀ ਕਮਿਸ਼ਨਰ ਲੱਗਣ ਉਪਰੰਤ ਪੇਸ਼ਗੀ ਕਿਰਾਇਆ ਦੱਬਣ ਵਾਲੇ ਲਾਲੇ ਨੂੰ ਕਿਸ ਤਰ੍ਹਾਂ ਸਬਕ ਸਿਖਾਉਂਦੇ ਹਨ ? 4

5×4=20

**6.** 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਕਿਸੇ **ਇੱਕ** ਸਾਹਿਤ-ਰੂਪ ਬਾਰੇ ਨੋਟ ਲਿਖੋ :

(ੳ) ਨਾਵਲ

(ਅ) ਨਿਬੰਧ

(ੲ) ਨਾਟਕ। 1×12=12

**7.** ਪੁੱਛੇ ਗਏ ਛੰਦਾਂ, ਅਲੰਕਾਰਾਂ ਅਤੇ ਰਸਾਂ ਬਾਰੇ ਉਦਾਹਰਨਾਂ ਸਹਿਤ ਉੱਤਰ ਦਿਓ :

(ੳ) ਅਤਿਕਥਨੀ ਅਲੰਕਾਰ ਜਾਂ ਦ੍ਰਿਸ਼ਟਾਂਤ ਅਲੰਕਾਰ 4

(ਅ) ਬੀਭਤਸ ਰਸ ਜਾਂ ਹਾਸ ਰਸ। 4

(ੲ) ਦਵੱਈਆ ਜਾਂ ਚੌਪਈ ਛੰਦ 4

4+4+4=12



www.a2zpapers.com www.a2zpapers.com
Download free old Question papers gndu, ptu hp board, punjab board